ਮਰਦਾਨਾ SEX ਕਮਜ਼ੋਰੀ?
098140-26488

ਸਚੁ ਸੁਣਾਇਸੀ ਸਚ ਕੀ ਬੇਲਾ
ਰੋਜ਼ਾਨਾ ਸਪੋਕਸਮੈਨ
ਸਤਿ ਸ੍ਰੀ ਅਕਾਲ ਜੀ !
ਬਾਨੀ ਤੇ ਸਰਪ੍ਰਸਤ: ਸ. ਜੋਗਿੰਦਰ ਸਿੰਘ, ਬੀਬੀ ਜਗਜੀਤ ਕੌਰ
ਸਾਲ 9, ਅੰਕ 153
website: www.rozanaspokesman.com e-mail : rozanaspokesman@yahoo.com
ਚੰਡੀਗੜ੍ਹ, ਵੀਰਵਾਰ, 15 ਮਈ, 2014 (2 ਜੇਠ, ਨਾਨਕਸ਼ਾਹੀ ਸੰਮਤ 546)
RNI NO. CHA PUN/2005/15875.
Postal Regd. No. CHD/0108/2012-14
ਸਫ਼ੇ- 12
ਮੁੱਲ : ₹4

ਬੇ—ਔਲਾਦ ?
TV
Catheterisation ਦੁਆਰਾ
Laparoscopy & Hysteroscopy ਦੁਆਰਾ
MESA, PESA, TESA
098141-26488

ਕੌਮੀ ਪੈਨਸ਼ਨ ਸੇਵਾ ਤਹਿਤ ਕਾਰਪੋਰੇਟ ਮਾਡਲ ਬੇਹਤਰ : ਅਲੋਕ ਕੁਮਾਰ

70 ਸਾਲ ਦੀ ਉਮਰ ਤਕ ਮਿਲੇਗੀ ਟਾਇਅਰ-1 ਤਹਿਤ ਪੈਨਸ਼ਨ

ਜਾਣਕਾਰੀ ਦਿੰਦੇ ਹੋਏ ਅਲੋਕ ਕੁਮਾਰ।

ਫ਼ੋਟੋ : ਜਗਮੋਹਨ ਸਿੰਘ

ਚੰਡੀਗੜ੍ਹ, 14 ਮਈ (ਅਬਰਾਵਾਂ) : ਭਾਰਤ ਦੇਸ ਦੇ ਬਹੁਤੇ ਨੌਜੁਆਨ ਅੱਜ ਬਹੁਕੌਮੀ ਕੰਪਨੀਆਂ ਵਿਚ ਰੁਜ਼ਗਾਰ 'ਤੇ ਲੱਗੇ ਹੋਏ ਹਨ ਜਿਨਾਂ ਦੇ ਬੁਢਾਪੇ ਦਾ ਸਹਾਰਾ ਨਹੀ ਲੱਭ ਰਿਹਾ ਪਰ ਭਾਰਤ ਸਰਕਾਰ ਅਪਣੇ ਕੇਂਦਰੀ ਮੁਲਾਜ਼ਮਾਂ ਲਈ 1 ਜਨਵਰੀ, 2004 ਤੋਂ ਕੌਮੀ ਪੈਨਸ਼ਨ ਸੇਵਾ ਆਰੰਭ ਦਿਤੀ ਸੀ ਪਰ 1 ਮਈ, 2009 ਤੋਂ ਇਹੀ ਸੇਵਾ ਵਲੰਟਰੀ ਅਧਾਰ 'ਤੇ ਸਾਰੇ ਨਾਗਰਕਾਂ ਲਈ ਕਰ ਦਿਤੀ ਹੈ ਜਿਸ ਤਹਿਤ ਕਾਰਪੋਰੇਟ ਵਿਚ ਕੰਮ ਕਰਦੇ ਵੀ ਇਸ ਦਾ ਲਾਭ ਲੈ ਸਕਣਗੇ।

ਇਥੇ ਅਲਿੰਕਤ ਗਰੁਪ ਦੇ ਚੇਅਰਮੈਨ ਤੇ ਪ੍ਰਬੰਧਕੀ ਨਿਰਦੇਸ਼ਕ ਅਲੋਕ ਕੁਮਾਰ ਨੇ ਦਸਿਆ ਕਿ ਉਹ ਪੈਨਸ਼ਨ ਰੈਗੂਲੇਟਰ ਨਾਲ ਜੁੜ ਕੇ ਕੌਮੀ ਪੈਨਸਨ ਸੇਵਾ ਦਾ ਪਸਾਰ ਕਰ ਰਹੇ ਹਨ।

18 ਤੋਂ 60 ਸਾਲ ਤਕ ਉਮਰ ਦਾ ਇਸ ਸਕੀਮ ਵਿਚ ਹਿੱਸਾ ਪਾ ਸਕਦਾ ਹੈ ਪਹਿਲੇ ਚਰਨ ਅਰਥਾਤ ਟਾਇਅਰ-1 ਵਿਚ ਹਰੇਕ ਸਾਲ 6 ਹਜ਼ਾਰ ਰੁਪਏ ਘੱਟ ਘੱਟ ਜਮਾਂ ਕਰਾਉਣੇ ਪੈਣਗੇ ਅਤੇ 60 ਸਾਲ ਬਾਅਦ 10 ਸਾਲ ਤਕ ਪੈਨਸ਼ਨ ਮਿਲੇਗੀ ਅਤੇ 60 ਸਾਲ ਬਾਅਦ 60 ਫ਼ੀ ਸਦੀ ਨਕਦ ਅਤੇ ਬਾਕੀ ਮਹੀਨੇਵਾਰ ਪੈਨਸ਼ਨ ਦੇ ਰੂਪ ਵਿਚ ਪ੍ਰਾਪਤ ਕੀਤਾ ਜਾ ਸਕੇਗਾ।

ਦੂਜੇ ਚਰਨ ਅਰਥਾਤ ਟਾਇਅਰ-2 ਵਿਚ ਗੈਰ ਪੈਨਸ਼ਨ ਵਾਲੇ ਵੀ ਆ ਸਕਣਗੇ ਜੋ ਨਿਵੇਸ਼ ਕਰ ਸਕਣਗੇ। ਇਸ ਵਿਚ ਆਮਦਨ ਕਰ ਤੋਂ ਰਾਹਿਤ ਮਿਲੇਗੀ। ਨਿਰਦੇਸ਼ਕ ਸ੍ਰੀ ਅੰਕਿਤ ਅਗਰਵਾਲ ਨੇ ਬੋਲਦਿਆਂ ਕਿਹਾ ਕਿ ਪੰਜਾਬ ਵਿਚ ਲੁਧਿਆਣਾ, ਸ੍ਰੀ ਅੰਮ੍ਰਿਤਸਰ, ਚੰਡੀਗੜ੍ਹ ਵਿਚ ਦਫ਼ਤਰ ਮੌਜੂਦ ਹਨ ਜਦੋਂ ਕਿ ਭਾਰਤ ਭਰ ਵਿਚ 3800 ਦਫ਼ਤਰ ਤੇ ਫਰਾਈਚਾਇਜ਼ ਮੌਜੂਦ ਹਨ। ਇਕ ਹੋਰ ਸਵੈ ਸਹਾਇਤਾ ਸਕੀਮ ਤਹਿਤ ਜੇਕਰ ਕੋਈ 1 ਹਜ਼ਾਰ ਰੁਪਏ ਜਮਾਂ ਕਰਵਾਏਗਾ ਤਾਂ ਕੇਂਦਰ ਵੀ 1 ਹਜ਼ਾਰ ਰੁਪਏ ਹੋਰ ਜਮਾਂ ਕਰਵਾਏਗਾ।

News Source : Rozana Spokesman, Chandigarh, 15th May 2014